a2zpapers.com

www.a2zpapers.com

**Exam. Code : 107201**
**Subject Code : 2069**

## BCA 1st Semester
## PUNJABI COMPULSORY
## Paper—V(i)

Time Allowed—Three Hours] [Maximum Marks—50

ਨੋਟ :— ਸਾਰੇ ਪ੍ਰਸ਼ਨ ਲਾਜ਼ਮੀ ਹਨ।

1. "ਭਰੂਣ ਹੱਤਿਆ ਦੇ ਦੇਸ਼ ਵਿੱਚ" ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

"ਨਾਰੀ ਸ਼ਕਤੀ" ਨਿਬੰਧ ਦਾ ਵਿਸ਼ਾ ਵਸਤੂ ਸਪੱਸ਼ਟ ਕਰੋ। 10

2. "ਹੁਣ ਘਰਾਂ ਨੂੰ ਪਰਤਣਾ" ਕਾਵਿ ਰਚਨਾ ਦਾ ਵਿਸ਼ਾ ਵਸਤੂ ਸਪੱਸ਼ਟ ਕਰੋ।

ਜਾਂ

"ਅੰਨਦਾਤਾ" ਕਾਵਿ ਰਚਨਾ ਦਾ ਵਿਸ਼ਾ ਵਸਤੂ ਸਪੱਸ਼ਟ ਕਰੋ। 10

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਭਾਵ-ਪੂਰਤ ਪੈਰ੍ਹਾ ਰਚਨਾ ਕਰੋ :
(ੳ) ਸਾਡੀ ਪ੍ਰੀਖਿਆ ਪ੍ਰਣਾਲੀ
(ਅ) ਅਜੋਕੇ ਸੰਚਾਰ-ਸਾਧਨ
(ੲ) ਵਿਦਿਆਰਥੀ ਜੀਵਨ। 5

4. ਹੇਠ ਲਿਖਿਆ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਪੰਜਾਬ ਦੀ ਮਿੱਟੀ ਵਿੱਚ ਧਰਮ ਦਾ ਖਮੀਰ, ਮੁੱਢ ਕਦੀਮ ਤੋਂ ਹੀ ਚੋਖੀ ਮਾਤਰਾ ਵਿੱਚ ਰਚਿਆ ਹੋਇਆ ਹੈ। ਸੰਸਾਰ ਵਿੱਚ ਸਭ ਤੋਂ ਪ੍ਰਾਚੀਨ ਧਰਮ ਗ੍ਰੰਥ ਰਿਗ ਵੇਦ ਇਸੇ ਪਵਿੱਤਰ ਭੋਇੰ ਉੱਤੇ ਰਚਿਆ ਗਿਆ। ਇਥੋਂ ਦੀਆਂ ਹਵਾਵਾਂ ਵਿੱਚ ਕਦੇ ਵੇਦ-ਬਾਣੀ ਤੇ ਕਦੇ ਗੁਰੂ ਬਾਣੀ ਦੀ ਧੁਨੀ ਗੂੰਜਦੀ ਰਹੀ। ਸੋ, ਪੰਜਾਬੀਆਂ ਵਿੱਚ ਧਰਮ ਦੀ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਭਾਵਨਾ ਦਾ ਪ੍ਰਬਲ ਹੋਣਾ ਸਹਿਜ ਹੈ। ਪਰ ਪੰਜਾਬੀ ਖੁਲ੍ਹੇ-ਡੁਲ੍ਹੇ ਸੁਭਾਅ ਦੇ ਹੋਣ ਕਰਕੇ ਧਰਮ ਦੇ ਕਰੜੇ ਬੰਧਨ ਵਿੱਚ ਜਕੜੇ ਰਹਿਣਾ ਪਸੰਦ ਨਹੀਂ ਕਰਦੇ। ਧਰਮ ਦੇ ਉਹ ਮੋਢੇ ਚੜ੍ਹਦੇ ਹਨ, ਧਰਮ ਆਪਣੇ ਮੋਢਿਆਂ ਉਤੇ ਨਹੀਂ ਚੁੱਕੀ ਫਿਰਦੇ। ਉਹਨਾਂ ਲਈ ਧਰਮ ਸ਼ਕਤੀ ਹੈ, ਬੋਝ ਨਹੀਂ। ਧਰਮ ਨੂੰ ਉਹ ਸਦਾ ਮੇਲਾ ਸਮਝਦੇ ਆਏ ਹਨ। ਇਸੇ ਲਈ ਸ਼ਾਇਦ ਪੰਜਾਬ ਵਿੱਚ ਧਾਰਮਿਕ ਮੇਲੇ ਬਹੁਤ ਜੁੜਦੇ ਹਨ। ਅਜਿਹੇ ਮੇਲੇ ਮੁੱਢ ਵਜੋਂ ਭਾਵੇਂ ਧਾਰਮਿਕ ਹਨ, ਪਰ ਸੁਭਾਅ ਵਿੱਚ ਲੌਕਿਕ ਹੀ ਰਹੇ ਹਨ।

(i) ਪੰਜਾਬ ਦੀ ਮਿੱਟੀ ਦਾ ਧਰਮ ਨਾਲ ਕੀ ਸੰਬੰਧ ਰਿਹਾ ਹੈ?

(ii) ਇਸ ਧਰਤੀ ਉੱਤੇ ਕਿਹੜੇ ਗ੍ਰੰਥ ਦੀ ਰਚਨਾ ਹੋਈ ਹੈ?

(iii) ਇਥੋਂ ਦੀਆਂ ਹਵਾਵਾਂ ਵਿੱਚ ਕਿਹੜੀ ਧੁਨੀ ਗੂੰਜਦੀ ਹੈ?

(iv) ਪੰਜਾਬ ਦੇ ਲੋਕਾਂ ਦਾ ਧਰਮ ਨਾਲ ਕੀ ਸੰਬੰਧ ਹੈ?

(v) ਪੈਰ੍ਹੇ ਦਾ ਢੁਕਵਾਂ ਸਿਰਲੇਖ ਦੱਸੋ। 5

5. ਭਾਸ਼ਾ ਅਤੇ ਉਪ-ਭਾਸ਼ਾ ਦਾ ਅੰਤਰ ਸਪੱਸ਼ਟ ਕਰੋ।

ਜਾਂ

ਪੰਜਾਬੀ ਦੀਆਂ ਵਿਅੰਜਨ ਧੁਨੀਆਂ ਦਾ ਵੇਰਵਾ ਦਿਓ। 10

6. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :

(i) ਮਾਤ ਭਾਸ਼ਾ ਦਾ ਪਹਿਲੀ ਭਾਸ਼ਾ ਦੇ ਰੂਪ ਵਿੱਚ ਅਧਿਆਪਨ ਕੀ ਮਹੱਤਵ ਰੱਖਦਾ ਹੈ?

(ii) ਦੂਜੀ ਭਾਸ਼ਾ ਦੇ ਰੂਪ ਵਿੱਚ ਮਾਤ ਭਾਸ਼ਾ ਦੇ ਅਧਿਆਪਨ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਕਰਾਓ।

(iii) ਮਾਤ ਭਾਸ਼ਾ ਤੋਂ ਕੀ ਭਾਵ ਹੈ? ਇਸਦੇ ਅਧਿਆਪਨ ਲਈ ਕਿਹੜੀ ਵਿਧੀ ਉਚਿਤ ਹੋ ਸਕਦੀ ਹੈ?

(iv) ਮਾਤ ਭਾਸ਼ਾ ਨੂੰ ਦੂਜੀ ਭਾਸ਼ਾ ਦੇ ਰੂਪ ਵਿੱਚ ਅਧਿਆਪਨ ਕਾਰਜ ਦਾ ਉਦੇਸ਼ ਕੀ ਹੋ ਸਕਦਾ ਹੈ? 5×2=10



www.a2zpapers.com
www.a2zpapers.com www.a2zpapers.com
d free old Question papers gndu, ptu hp board, punja